# ਹਿੰਦੁਸਤਾਨ ਉਤੇ ਬਰਤਾਨਵੀ ਰਾਜ ਦੀਆਂ ਮਨਮੋਹਨ ਸਿੰਘ ਵਲੋਂ ਵੱਡੀ ਬੇਸ਼ਰਮੀ ਨਾਲ ਸਿਫ਼ਤਾਂ

ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦੇ ਸਾਮਰਾਜ ਅਤੇ ਬਸਤੀਵਾਦ ਦੇ ਗੁਣ ਗਾਉਂਦੇ ਨਹੀਂ ਥੱਕਦੇ। ਹੁਣੇ ਜਿਹੇ ਬ੍ਰਤਾਨੀਆਂ ਗਏ ਭਾਰਤੀ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਵੀ ਬ੍ਰਤਾਨਵੀ ਬਸਤੀਵਾਦੀ ਰਾਜ ਦੀਆਂ ਸਿਫ਼ਤਾਂ ਦੇ ਪੁਲ ਬੰਨ੍ਹੇ। 8 ਜੁਲਾਈ ਨੂੰ ਆਕਸਫੋਰਡ ਯੂਨੀਵਰਸਟੀ ਨੇ ਮਨਮੋਹਨ ਸਿੰਘ ਨੂੰ ਸਾਮਰਾਜ ਦੀ ਸੇਵਾ ਦੇ ਇਵਜ਼ਾਨੇ ਵਜੋਂ ਇਕ ਡਿਗਰੀ ਵੀ ਦਿਤੀ। ਇਸ ਮੌਕੇ ਤੇ ਬੋਲਦੇ ਹੋਏ ਮਨਮੋਹਨ ਸਿੰਘ ਨੇ ਆਪਣੇ ਦਿਲ ਦਾ ਵੇਗ ਇੰਜ ਜ਼ਾਹਰ ਕੀਤਾ,

*"ਹਿੰਦੁਸਤਾਨ ਦੇ ਬ੍ਰਿਟੇਨ ਨਾਲ ਤਜਰਬੇ ਦੇ ਫਾਇਦੇ ਵਾਲੇ ਪੱਖ ਵੀ ਹਨ। ਕਾਨੂੰਨ ਦਾ ਰਾਜ, ਸੰਵਿਧਾਨਕ ਸਰਕਾਰ, ਆਜ਼ਾਦ ਪ੍ਰੈਸ, ਪੇਸ਼ਾਵਰ ਅਫਸਰਸ਼ਾਹੀ, ਆਧੁਨਿਕ ਯੂਨੀਵਰਸਿਟੀਆਂ ਅਤੇ ਖੋਜ ਕਰਨ ਵਾਲੀਆਂ ਪ੍ਰਯੋਗਸ਼ਾਲਾਵਾਂ, ਸਭ ਉਸ ਕੁਠਾਲੀ ਵਿਚ ਬਣੀਆਂ ਹਨ ਜਿਥੇ ਇਕ ਪ੍ਰਚੀਨ ਸਭਿਅਤਾ ਇਕ ਵੱਡੇ ਸਾਮਰਾਜ ਨਾਲ ਮਿਲੀ। ਇਨ੍ਹਾਂ ਸਾਰਿਆਂ ਤੱਤਾਂ ਦੀ ਅਸੀਂ ਅੱਜ ਵੀ ਬੜੀ ਕਦਰ ਅਤੇ ਕੀਮਤ ਸਮਝਦੇ ਹਾਂ। ਸਾਡੀ ਨਿਆਂਕਾਰੀ, ਸਾਡਾ ਕਾਨੂੰਨੀ ਢਾਂਚਾ, ਸਾਡੀ ਪੁਲੀਸ, ਇਹ ਸਾਰੇ ਮਹਾਨ ਅਦਾਰੇ ਅਸੀਂ ਬਰਤਾਨਵੀ-ਇੰਡੀਅਨ ਸਿਵਲ ਸਰਵਿਸ ਦੀ ਬਰਕਤ ਨਾਲ ਹੀ ਹਾਸਲ ਕੀਤੇ ਹਨ ਅਤੇ ਇਨ੍ਹਾਂ ਨੇ ਸਾਡੀ ਬੜੀ ਖ਼ਿਦਮਤ ਕੀਤੀ ਹੈ"*

ਮਨਮੋਹਨ ਸਿੰਘ ਦਾ ਇਹ ਜਜ਼ਬਾਤੀ ਹੜ੍ਹ ਸਾਮਰਾਜ ਅਤੇ ਬਸਤੀਵਾਦ ਦੇ ਇਕ ਪੱਕੇ ਜੁੱਤੀ ਚੱਟ ਬੰਦੇ ਅਤੇ ਹਾਕਮ ਜਮਾਤਾਂ ਦੇ ਨੁਮਾਇੰਦੇ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਦਾ ਹੈ। ਇਹ ਜਜ਼ਬਾਤ ਕਿਸੇ ਦੇਸ਼ ਭਗਤ, ਰੌਸ਼ਨ ਖਿਆਲ ਅਤੇ ਆਜ਼ਾਦੀ ਪਸੰਦ ਵਿਅਕਤੀ ਦੇ ਨਹੀਂ। ਇਸ ਇਜ਼ਹਾਰ ਨਾਲ ਮਨਮੋਹਨ ਸਿੰਘ ਬਰਤਾਨਵੀ ਅਤੇ ਅਮਰੀਕਨ ਸਾਮਰਾਜ ਨੂੰ ਇਸ਼ਾਰੇ ਕਰ ਰਿਹਾ ਹੈ ਕਿ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਨੁਮਾਇੰਦਿਆਂ ਬਾਰੇ ਇਨ੍ਹਾਂ ਨੂੰ ਕੋਈ ਵੀ ਫਿਕਰ ਕਰਨ ਦੀ ਲੋੜ ਨਹੀਂ। ਇਹ ਸਦਾ ਹੀ ਸਾਮਰਾਜ ਦੇ ਵਫ਼ਾਦਾਰ ਰਹੇ ਹਨ ਅਤੇ ਵਫ਼ਾਦਾਰ ਰਹਿਣਗੇ। ਹਿੰਦੁਸਤਾਨੀ ਰਾਜ ਤੰਤ੍ਰ ਦੀ ਇਮਾਰਤ ਸਾਮਰਾਜ ਦੀ ਬੁਨਿਆਦ ਉਤੇ ਕਾਇਮ ਹੈ ਇਸ ਲਈ ਉਨ੍ਹਾਂ ਨੂੰ ਇਸ ਰਾਜ ਤੰਤ੍ਰ ਤੋਂ ਕੋਈ ਖ਼ਤਰਾ ਨਹੀਂ ਹੋ ਸਕਦਾ ਅਤੇ ਸ਼ਾਸਨ ਕਰਨ ਵਾਲੇ ਉਨ੍ਹਾਂ ਦੇ  ਵਫ਼ਾਦਾਰ ਅਤੇ ਝੋਲੀਚੁੱਕ ਹਨ।

ਕਈ ਹਲਕਿਆਂ ਵਿਚ ਇਹ ਚਰਚਾ ਚਲ ਰਹੀ ਹੈ ਕਿ ਹਿੰਦੁਸਤਾਨ, ਚੀਨ, ਰੂਸ, ਇਰਾਨ ਅਤੇ ਏਸ਼ੀਆ ਦੇ ਕੁਝ ਹੋਰ ਮੁਲਕ ਇਕੱਠੇ ਹੋਕੇ ਸਾਮਰਾਜ ਨੂੰ ਏਸ਼ੀਆ ਵਿਚ ਚੁਨੌਤੀ ਦੇ ਸਕਦੇ ਹਨ। ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਏਸ਼ੀਆ ਚ` ਆਪਣਾ ਗਲਬਾ ਤੇ ਅਸਰ ਕਾਇਮ ਕਰਨਾ ਚਾਹੁੰਦੀਆਂ ਹਨ। ਉਹ ਕਾਫੀ ਅਰਸੇ ਤੋਂ ਇਸ ਗੱਲ ਦਾ ਰੌਲਾ ਪਾ ਰਹੀਆਂ ਹਨ ਕਿ ਅਮਰੀਕੀ ਅਤੇ ਬ੍ਰਤਾਨਵੀ ਸਾਮਰਾਜ ਨੂੰ ਉਨ੍ਹਾਂ ਨੂੰ ਦੱਖਣੀ ਏਸ਼ੀਆ ਦੀ ਇਕ ਵੱਡੀ ਤਾਕਤ ਮੰਨ ਲੈਣਾ ਚਾਹੀਦਾ ਹੈ। ਕਲਿੰਟਨ ਦੇ ਹਿੰਦੁਸਤਾਨ ਦੇ ਦੌਰੇ ਦੇ ਬਾਅਦ ਅਤੇ ਪਿਛਲੇ ਕੁਝ ਅਰਸੇ ਵਿਚ ਹੋਰ ਅਮਰੀਕਨ ਅਤੇ ਬ੍ਰਿਟਿਸ਼ ਸਾਮਰਾਜ ਦੇ ਨੁਮਾਇੰਦਿਆਂ ਦੇ ਦੌਰਿਆਂ ਬਾਅਦ ਇਨ੍ਹਾਂ ਨੇ ਹਿੰਦੁਸਤਾਨ ਦੇ ਇਸ ਇਲਾਕੇ ਵਿਚ ਆਪਣਾ ਅਸਰ ਵਧਾਉਣ ਬਾਰੇ ਬਿਆਨ ਵੀ ਦਿਤੇ ਹਨ। ਹੁਣੇ ਜਿਹੇ ਹਿੰਦੁਸਤਾਨ ਅਤੇ ਅਮਰੀਕਾ ਨੇ ਦਸ ਸਾਲ ਲਈ ਇਕ ਫੌਜੀ ਸੰਧੀ ਵੀ ਕੀਤੀ ਹੈ। ਅਮਰੀਕਾ ਅਤੇ ਇੰਗਲੈਂਡ ਅੰਦਰ ਕੁਝ ਹਲਕਿਆਂ ਵਿਚ ਹਿੰਦੁਸਤਾਨ ਦੇ ਵੱਧਦੇ ਅਸਰ ਬਾਰੇ ਫਿਕਰ ਦੀ ਵੀ ਚਰਚਾ ਚਲ ਰਹੀ ਹੈ। ਇਹ ਕਿਆਸ ਵੀ ਲਾਏ ਜਅ ਰਹੇ ਹਨ ਕਿ ਚੀਨ ਵਾਂਗ ਕਿਤੇ ਹਿੰਦੁਸਤਾਨ ਵੀ ਸਾਮਰਾਜ ਲਈ ਇਕ ਚੁਨੌਤੀ ਨਾ ਬਣ ਜਾਵੇ।

ਮਨਮੋਹਨ ਸਿੰਘ ਨੇ ਇਨ੍ਹਾਂ ਕਿਆਸਾਂ ਬਾਰੇ ਸਾਮਰਾਜ ਦੇ ਖ਼ਦਸ਼ਿਆਂ ਨੂੰ ਦੂਰ ਕਰਨ  ਲਈ ਆਪਣੀ ਪੂਰੀ ਵਫ਼ਾਦਾਰੀ ਦਾ ਇਜ਼ਹਾਰ ਕਰਦੇ ਹੋਏ ਇਹ ਕਿਹਾਃ

*"ਸਾਡਾ ਸੰਵਿਧਾਨ ਬ੍ਰਿਟਿਸ਼ ਅਤੇ ਹਿੰਦੁਸਤਾਨ ਦੇ ਸਦੀਵੀ ਆਪਸੀ  ਸੰਬੰਧਾਂ ਦਾ ਹੀ ਇਜ਼ਹਾਰ ਹੈ। ਬ੍ਰਿਟੇਨ ਅਤੇ ਹਿੰਦੁਸਤਾਨ ਨੇ ਦੁਨੀਆ ਵਿਚ ਇਸ ਗੱਲ ਦੀ ਮਿਸਾਲ ਕਾਇਮ ਕੀਤੀ ਹੈ ਕਿ ਇਕ ਦੂਜੇ ਨਾਲ ਕਿਸ ਤਰਾਂ ਦੇ ਸੰਬੰਧ ਹੋਣੇ ਚਾਹੀਦੇ ਹਨ। ਹਿੰਦੁਸਤਾਨ ਅਤੇ ਬ੍ਰਿਟੇਨ ਨੇ ਇਕ ਦੂਜੇ ਤੋਂ ਸਿਖਿਆ ਹੈ ਅਤੇ ਇਹ ਪੱਖ ਸਾਡੇ ਰਿਸ਼ਤਿਆਂ ਦਾ ਬਹੁਤ ਹੀ ਮਹਤੱਵਪੂਰਣ ਹਿੱਸਾ ਹੈ।"*

ਉਸ ਨੇ ਆਪਣੇ ਆਪ ਨੂੰ ਸਾਮਰਾਜ ਦੇ ਮਨਮੋਹਣੇ ਦੁਲਾਰੇ ਦੇ ਤੌਰ ਤੇ ਵਿਖਾਲਣ ਲਈ ਪੂਰੀ ਵਾਹ ਲਾਈ ਤੇ ਆਉਣ ਵਾਲੇ ਆਪਣੇ ਅਮਰੀਕਾ ਦੇ ਦੌਰੇ ਲਈ ਜਾਰਜ ਬੁਸ਼ ਅਤੇ ਅਮਰੀਕਨ ਸਾਮਰਾਜ ਨੂੰ ਇਸ ਗੱਲ ਦਾ ਇਕ ਬਾਰ ਫਿਰ ਪੂਰਾ ਯਕੀਨ ਦਿਵਾਇਆ ਹੈ ਕਿ ਸਾਮਰਾਜੀਆਂ ਨਾਲ ਸਬੰਧਾਂ ਦੀ ਉਹਨੂੰ ਬੜੀ ਕਦਰ ਹੈ। ਇਸ ਦੇ ਨਾਲ ਹੀ ਉਸਨੇ ਹਿੰਦੁਸਤਾਨ ਵਿਚ ਉਨ੍ਹਾਂ ਤਾਕਤਾਂ ਨੂੰ ਜਿਹੜੀਆਂ ਕਿ ਇਸ ਬਸਤੀਵਾਦੀ ਜਮਹੂਰੀਅਤ, ਸਿਆਸੀ ਪ੍ਰਣਾਲੀ ਅਤੇ ਬੰਦੋਬਸਤ ਖਿਲਾਫ਼ ਲੋਕਾਂ ਨੂੰ ਜਾਗ੍ਰਿਤ ਕਰ ਰਹੀਆਂ ਹਨ, ਉਨ੍ਹਾਂ ਨੂੰ ਵੀ ਦੱਸਿਆ ਹੈ ਕਿ ਉਹਦੀ ਮੌਜੂਦਾ ਸਰਕਾਰ ਪੁਰਾਣੀ ਲੀਕ ਤੇ ਹੀ ਚਲਦੀ ਰਹੇਗੀ ਅਤੇ ਉਨ੍ਹਾਂ ਦੀ ਗੱਲ ਸੁਣਨ ਦਾ ਉਹਦਾ ਕੋਈ ਇਰਾਦਾ ਨਹੀਂ ਹੈ ਅਤੇ ਪਹਿਲਾਂ ਵਾਂਗ ਹੁਣ ਵੀ ਹਰ ਸਿਆਸੀ ਅਤੇ ਸਮਾਜੀ ਮਸਲੇ ਨੂੰ ਅਮਨ ਅਤੇ ਕਾਨੂੰਨ ਦਾ ਮਸਲਾ ਹੀ ਬਣਾਇਆ ਜਾਏਗਾ। ਬਸਤੀਵਾਦੀ ਰਾਜ ਤੰਤਰ ਦੀ ਇਹ ਅਸਲੀਅਤ ਹੈ ਜਿਹਦੀਆਂ ਮਨਮੋਹਨ ਸਿੰਘ ਸੌਂਹ ਖਾ ਰਿਹਾ ਹੈ ਅਤੇ ਸਿਫ਼ਤਾਂ ਕਰ ਰਿਹਾ ਹੈ।

ਸਦੀਆਂ ਭਰ ਸਾਡੇ ਕਰੋੜਾਂ ਹੀ ਲੋਕਾਂ ਦਾ ਖ਼ੂਨ ਡੋਲਣਾਂ ਅਤੇ ਸਾਡੇ ਕੁਦਰਤੀ ਤੇ ਇਨਸਾਨੀ ਸੋਮਿਆਂ ਦੀ ਰੱਜਵੀਂ ਲੁੱਟ ਅੱਜ ਵੀ ਬ੍ਰਿਟਿਸ਼ ਸਾਮਰਾਜ ਦੇ ਰਾਜ ਦੀ ਹਕੀਕਤ ਦੱਸਦੇ ਹਨ। ਪਰ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਨੂੰ ਬ੍ਰਿਟਿਸ਼ ਰਾਜ ਦੇ ਫਾਇਦੇ ਦਿਸਦੇ ਹਨ। ਇਨ੍ਹਾਂ ਨੂੰ ਇਹ ਫਾਇਦੇ ਇਸ ਲਈ ਦਿਸਦੇ ਹਨ ਕਿਉਂਕਿ ਲੋਕਾਂ ਦੀ ਜੱਦੋ-ਜਹਿਦ ਤੋਂ ਮਜਬੂਰ ਹੋ ਕੇ ਅੰਗ੍ਰੇਜ਼ ਨੂੰ ਹਿੰਦੁਸਤਾਨ ਤਾਂ ਭਾਵੇਂ ਛੱਡਣਾ ਪਿਆ ਪਰ ਰਾਜਗੱਦੀ ਉਹ ਆਪਣੇ ਝੋਲੀਚੁਕਾਂ ਨੂੰ ਦੇ ਗਏ ਜਿਨ੍ਹਾਂ ਨੇ ਬਸਤੀਵਾਦੀ ਨਿਜ਼ਾਮ ਨੂੰ ਕਾਇਮ ਰੱਖਿਆ ਅਤੇ ਅੱਜ ਵੀ ਚਲਾ ਰਹੇ ਹਨ। ਹਿੰਦੋਸਤਾਨ ਦੀ ਪੁਲਿਸ, ਕਾਨੰਨੀ ਢਾਂਚੇ ਅਤੇ ਸਿਵਲ ਸਰਵਿਸ ਦੀਆਂ ਕਰਤੂਤਾਂ ਅਤੇ ਲੋਕ ਵਿਰੋਧੀ ਖ਼ਾਸੇ ਨੂੰ ਹਿੰਦੋਸਤਾਨ ਦੇ ਸਾਰੇ ਦੱਬੇ ਕੁਚਲੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਪਰ ਮਨਮੋਹਨ ਸਿੰਘ ਨੂੰ ਇਹ ਅਦਾਰੇ ਬੜੇ ਅੱੱਛੇ ਲਗਦੇ ਹਨ ਕਿਉਕਿ ਇਹ ਉਹਦੇ ਮਾਲਕ ਬ੍ਰਤਾਨਵੀ ਸਾਮਰਾਜ ਦੇ ਬਖਸ਼ੇ ਹੋਏ ਅਦਾਰੇ ਹਨ। ਸਾਮਰਾਜ ਦਾ ਇਹ ਜੁਤੀਚੱਟ ਇਕ ਬਾਰ ਫਿਰ ਆਪਣੇ ਸਾਮਰਾਜੀ ਮਾਲਕਾਂ ਨੂੰ ਕਹਿ ਰਿਹਾ ਹੈ ਹਜ਼ੂਰ ਅਸੀਂ ਤੁਹਾਡੀ ਸੇਵਾ ਵਿਚ ਪਹਿਲਾਂ ਵਾਂਗ ਹੀ ਹਾਜ਼ਰ ਹਾਂ। ਬੇਸ਼ੱਕ ਹਾਲਾਤ ਥੋੜੇ ਜਿਹੇ ਬਦਲ ਗਏ ਹਨ ਪਰ ਅਸੀਂ ਫੇਰ ਵੀ ਤੁਹਾਡੇ ਨਾਲ ਹੀ ਹਾਂ ਅਤੇ ਤੁਹਾਡੇ ਹੀ ਤਾਬੇਦਾਰ ਹਾਂ। ਮਨਮੋਹਨ ਸਿੰਘ ਦਾ ਇਸ ਬੇਸ਼ਰਮੀ ਨਾਲ ਬ੍ਰਿਟਿਸ਼ ਰਾਜ ਦੀਆਂ ਸਿਫ਼ਤਾਂ ਕਰਨਾ ਸਾਰੇ ਹੀ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਉਤੇ ਹਮਲਾ ਹੈ ਅਤੇ ਉਨ੍ਹਾਂ ਦੀ ਬੇਅਦਬੀ ਹੈ। ਇਹ ਹਿੰਦੁਸਤਾਨ ਦੀਆਂ ਹਾਕਮ ਜਮਾਤਾਂ ਦੇ ਇਸ ਖ਼ਾਸੇ ਦਾ ਵੀ ਇਜ਼ਹਾਰ ਹੈ ਕਿ ਉਹ ਆਪਣੇ ਮੰਤਵ ਲਈ ਦਿਨ ਨੂੰ ਹਨੇਰਾ ਬਣਾਉਂਦੀਆਂ ਹਨ, ਅਤੇ ਨਿਘਾਰ ਦੀ ਕਿਸੇ ਵੀ ਡੂਘਾਈ ਤੱਕ ਜਾ ਸਕਦੀਆਂ ਹਨ।